# ਪੈਲਵਿਕ 'ਚ ਦਰਦ

ਦਰਦਨਾਕ ਮਾਹਵਾਰੀ

ਸੈਕਸ ਕਰਨ ਦੌਰਾਨ ਜਾਂ ਬਾਅਦ 'ਚ ਦਰਦ

ਪੇਸ਼ਾਬ ਕਰਨ ਵੇਲੇ ਦਰਦ

ਲੈਟਰੀਨ ਵੇਲੇ ਦਰਦ

ਥਕਾਵਟ

ਗਰਭਵਤੀ ਹੋਣ 'ਚ ਮੁਸ਼ਕਲ

## ਇਹਨਾਂ ਵਿੱਚੋਂ ਕਿਸੇ ਦਾ ਅਨੁਭਵ ਕਰਦੇ ਹੋ?
## ਇਹ ਐਂਡੋਮੀਟ੍ਰੀਓਸਿਸ ਹੋ ਸਕਦਾ ਹੈ

ਬਹੁਤ ਸਾਰੀਆਂ ਔਰਤਾਂ ਅਤੇ ਜਿਨ੍ਹਾਂ ਨੂੰ ਜਨਮ ਸਮੇਂ ਮਹਿਲਾ ਨਿਯੁਕਤ ਕੀਤਾ ਗਿਆ ਹੈ ਉਹਨਾਂ ਨੂੰ ਮਾਹਵਾਰੀ ਦਾ ਦਰਦ ਅਨੁਭਵ ਹੁੰਦਾ ਹੈ, ਪਰ ਜੇ ਤੁਹਾਡਾ ਦਰਦ ਤੁਹਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਦਖਲ ਦੇ ਰਿਹਾ ਹੈ ਤਾਂ ਬਿਹਤਰ ਹੈ ਤੁਸੀਂ ਆਪਣੇ **ਡਾਕਟਰ ਨੂੰ ਮਿਲੋ।**

ਹੈਲਪਲਾਈਨ: **0808 808 2227**

**www.endometriosis-uk.org**

ENDOMETRIOSIS UK

# ਐਂਡੋਮੀਟ੍ਰੀਓਸਿਸ ਕੀ ਹੈ?

ਐਂਡੋਮੇਟ੍ਰੀਓਸਿਸ ਇੱਕ ਅਜਿਹੀ ਸਥਿਤੀ ਹੁੰਦੀ ਹੈ ਜਿੱਥੇ ਗਰੱਭਾਸ਼ਯ ਦੇ ਅੰਦਰਲੇ ਸੈੱਲਾਂ ਦੇ ਸਮਾਨ ਸੈੱਲ ਸਰੀਰ ਵਿੱਚ ਕਿਤੇ ਹੋਰ ਵਧ ਪੈਂਦੇ ਹਨ, ਆਮ ਤੌਰ 'ਤੇ ਪੈਲਵਿਕ ਕੈਵੀਟੀ ਦੇ ਅੰਦਰ।

ਹਰ ਮਹੀਨੇ ਇਹ ਸੈੱਲ ਮਾਹਵਾਰੀ ਚ ਉਸੇ ਤਰ੍ਹਾਂ ਪ੍ਰਤੀਕ੍ਰਿਆ ਕਰਦੇ ਹਨ ਜਿਵੇਂ ਕਿ ਗਰਭ ਵਿੱਚ ਕਰਦੇ ਹਨ, ਬਣਦੇ ਹਨ, ਫਿਰ ਟੁੱਟਦੇ ਹਨ ਅਤੇ ਖੂਨ ਨਿਕਲਦਾ ਹੈ। ਗਰਭ ਵਿਚਲੇ ਸੈੱਲਾਂ ਦੇ ਉਲਟ ਜੋ ਸਰੀਰ ਨੂੰ ਮਾਹਵਾਰੀ ਦੇ ਤੌਰ 'ਤੇ ਛੱਡ ਦਿੰਦੇ ਹਨ, ਇਸ ਖੂਨ ਕੋਲ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ ਹੁੰਦਾ। ਇਹ ਸੋਜ, ਦਰਦ ਅਤੇ ਸਕਾਰ ਟਿਸ਼ੂ (ਅਡੈਸ਼ਨ) ਦੇ ਗਠਨ ਦਾ ਕਾਰਨ ਬਣ ਸਕਦਾ ਹੈ।

ਅਨੁਭਵ ਕੀਤੇ ਗਏ ਲੱਛਣ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਵੱਖੋ-ਵੱਖਰੇ ਹੋ ਸਕਦੇ ਹਨ, ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਐਂਡੋਮੈਟਰੀਓਸਿਸ ਕਿੱਥੇ ਵਧ ਰਿਹਾ ਹੈ। ਕੁਝ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ, ਜਦੋਂ ਕਿ ਦੂਜਿਆਂ ਵਿੱਚ ਕੋਈ ਧਿਆਨ ਦੇਣ ਯੋਗ ਲੱਛਣ ਨਹੀਂ ਹੁੰਦੇ। ਜੇ ਤੁਹਾਡੀ ਮਾਹਵਾਰੀ ਦਾ ਦਰਦ ਤੁਹਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਦਖਲ ਦੇ ਰਿਹਾ ਹੈ ਤਾਂ ਬਿਹਤਰ ਹੈ ਕਿ ਤੁਸੀਂ ਆਪਣੇ ਡਾਕਟਰ ਨੂੰ ਮਿਲੋ।

ਐਂਡੋਮੇਟ੍ਰੀਓਸਿਸ 10% ਔਰਤਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਜਿਨ੍ਹਾਂ ਨੂੰ ਜਵਾਨੀ ਤੋਂ ਮੀਨੋਪੌਜ਼ ਤੱਕ ਜਨਮ ਸਮੇਂ ਮਹਿਲਾ ਨਿਰਧਾਰਤ ਕੀਤਾ ਗਿਆ ਹੈ, ਹਾਲਾਂਕਿ ਪ੍ਰਭਾਵ ਜੀਵਨ ਭਰ ਮਹਿਸੂਸ ਕੀਤਾ ਜਾ ਸਕਦਾ ਹੈ - ਇਹ ਯੂਕੇ ਵਿੱਚ 1.5 ਮਿਲੀਅਨ ਤੋਂ ਵੱਧ ਹੈ। ਐਂਡੋਮੀਟ੍ਰੀਊਸ਼ਿਸ੍ ਕੋਈ ਲਾਗ ਜਾਂ ਕੈਂਸਰ ਨਹੀਂ ਹੈ ਅਤੇ ਇਹ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਨਹੀਂ ਜਾ ਸਕਦਾ।

## ਮੈਨੂੰ ਇਹ ਲੱਛਣ ਹਨ... ਮੈਂ ਕੀ ਕਰ ਸਕਦੀ ਹਾਂ?

ਤੁਹਾਡੀ ਜਾਂਚ ਕਰਵਾਉਣ ਅਤੇ ਤੁਹਾਡੇ ਐਂਡੋਮੈਟਰੀਓਸਿਸ ਦਾ ਪ੍ਰਬੰਧਨ ਕਰਨ ਵਿੱਚ ਤੁਹਾਡੀ ਮਦਦ ਲਈ ਸਹਾਇਤਾ ਉਪਲਬਧ ਹੈ। ਆਪਣੇ GP ਨਾਲ ਗੱਲ ਕਰੋ ਅਤੇ ਉਹਨਾਂ ਨੂੰ ਆਪਣੇ ਲੱਛਣਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਦੇਣਾ ਯਕੀਨੀ ਬਣਾਓ। ਦਰਦ ਅਤੇ ਲੱਛਣਾਂ ਦੀ ਡਾਇਰੀ ਰੱਖਣ ਨਾਲ ਤੁਹਾਨੂੰ ਉਹਨਾਂ ਲੱਛਣਾਂ ਦਾ ਵਰਣਨ ਕਰਨ ਵਿੱਚ ਮਦਦ ਮਿਲ ਸਕਦੀ ਹੈ ਜੋ ਤੁਸੀਂ ਅਨੁਭਵ ਕਰ ਰਹੇ ਹੋ। ਐਂਡੋਮੈਟਰੀਓਸਿਸ ਬਾਰੇ ਹੋਰ ਜਾਣਨ ਲਈ ਅਤੇ ਆਪਣੇ GP ਨਾਲ ਗੱਲ ਕਰਨ ਲਈ ਗਾਈਡੈਂਸ ਲਈ ਸਾਡੀ ਵੈੱਬਸਾਈਟ 'ਤੇ ਜਾਓ।

## ਐਂਡੋਮੈਟਰੀਓਸਿਸ UK ਕਿਵੇਂ ਮਦਦ ਕਰ ਸਕਦਾ ਹੈ?

ਸਾਡੇ ਕੋਲ ਸਾਡੀ ਵੈਬਸਾਈਟ 'ਤੇ ਬਹੁਤ ਸਾਰੇ ਜਾਣਕਾਰੀ ਸਰੋਤ ਹਨ, ਜਿਸ ਵਿੱਚ ਇੱਕ ਦਰਦ ਅਤੇ ਲੱਛਣਾਂ ਦੀ ਡਾਇਰੀ ਅਤੇ ਡਾਇਗਨੋਸਿਸ ਪ੍ਰਾਪਤ ਕਰਨ ਵਿੱਚ ਮਦਦ ਲਈ ਗਾਈਡੈਂਸ, ਨਾਲ ਹੀ ਸਾਡੇ ਸਥਾਨਕ ਸਹਾਇਤਾ ਸਮੂਹਾਂ ਦੇ ਵੇਰਵੇ, ਔਨਲਾਈਨ ਚਰਚਾ ਫੋਰਮ ਅਤੇ ਹੈਲਪਲਾਈਨ ਸ਼ਾਮਲ ਹਨ।

ਹੈਲਪਲਾਈਨ: **0808 808 2227**

**www.endometriosis-uk.org**

ENDOMETRIOSIS UK